BRAMPTON

Feature Story

11 ਦਸੰਬਰ, 2020

# ਸਿਟੀ ਦਾ ਪਲੋ ਟ੍ਰੈਕਰ, ਸਰਦੀ ਵਿੱਚ ਸੁਰੱਖਿਅਤ ਰੂਪ ਨਾਲ ਟ੍ਰੈਵਲ ਪਲਾਨ ਕਰਨ ਵਿੱਚ ਨਿਵਾਸੀਆਂ ਦੀ ਮਦਦ ਕਰਦਾ ਹੈ

ਸਰਦੀਆਂ ਦੇ ਮੌਸਮ ਲਈ ਤਿਆਰ ਰਹਿਣਾ ਇੱਕ ਟੀਮ ਯਤਨ ਹੈ ਅਤੇ ਹਰ ਸਾਲ, ਪੂਰੀ ਸਿਟੀ ਦਾ ਸਟਾਫ਼, ਰਸਤੇ ਤੋਂ ਸਨੋ ਹਟਾਉਣ ਲਈ ਵਚਨਬੱਧ ਹੈ। ਜਦੋਂ ਤੁਸੀਂ ਸਨੋ ਹਟਾਉਣ ਸਬੰਧੀ ਸਾਰੇ ਕੰਮਾਂ ਬਾਰੇ ਸੋਚਦੇ ਹੋ, ਤਾਂ ਸ਼ਾਇਦ ਤੁਹਾਡੇ ਮਨ ਵਿੱਚ ਸਾਡੀਆਂ ਵਚਨਬੱਧ ਪਬਲਿਕ ਵਰਕਸ ਐਂਡ ਇੰਜੀਨੀਅਰਿੰਗ (Public Works and Engineering), ਸਰਵਿਸ ਬ੍ਰੈਂਪਟਨ (Service Brampton) ਅਤੇ ਬਾਇ-ਲਾਅ ਐਨਫੋਰਸਮੈਂਟ (By-law Enforcement) ਟੀਮਾਂ ਦਾ ਹੀ ਖਿਆਲ ਆਉਂਦਾ ਹੈ, ਹਾਲਾਂਕਿ ਪਰਦੇ ਦੇ ਪਿੱਛੇ ਇਕੱਠੇ ਕੰਮ ਕਰਨ ਵਾਲੇ ਕਈ ਹੋਰ ਵਿਭਾਗ ਵੀ ਹਨ, ਜੋ ਬ੍ਰੈਂਪਟਨ ਵਿੱਚ ਸਾਰਿਆਂ ਲਈ ਸੀਜਨ ਨੂੰ ਵੱਧ ਸੁਰੱਖਿਅਤ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ।

ਪਿਛਲੇ ਸਾਲ, ਸਿਟੀ ਨੇ www.brampton.ca/snow ਤੇ ਆਪਣੇ ਪਲੋ ਟ੍ਰੈਕਰ (Plow Tracker) ਦੀ ਸ਼ੁਰੂਆਤ ਕੀਤੀ ਹੈ। ਇਹ ਪਬਲਿਕ ਵਰਕਸ (Public Works), ਡਿਜੀਟਲ ਇਨੋਵੇਸ਼ਨ (Digital Innovation), ਆਈ.ਟੀ. (IT) ਅਤੇ ਸਰਵਿਸ ਬ੍ਰੈਂਪਟਨ (Service Brampton) ਦਾ ਇੱਕ ਯਤਨ ਹੈ। ਪਲੋ ਟ੍ਰੈਕਰ ਨਾਲ ਨਿਵਾਸੀ ਇਹ ਦੇਖ ਸਕਦੇ ਹਨ ਕਿ ਅਮਲਿਆਂ ਨੇ ਕਿਹੜੀਆਂ ਸੜਕਾਂ ਅਤੇ ਸਾਈਡਵਾਕਸ ਤੋਂ, ਰੀਅਲ ਟਾਈਮ ਵਿੱਚ ਸਨੋ ਹਟਾ ਦਿੱਤੀ ਹੈ। ਇਸ ਸਾਲ, ਪਲੋ ਟ੍ਰੈਕਰ ਨੂੰ, Google Play (ਗੂਗਲ ਪਲੇ) ਜਾਂ ਐਪ ਸਟੋਰ (App Store) ਤੇ ਉਪਲਬਧ, 311 ਮੋਬਾਈਲ ਐਪ ਤੇ ਵੀ ਲੱਭਿਆ ਜਾ ਸਕਦਾ ਹੈ। ਇਸ ਟੂਲ ਦੀ ਵਰਤੋਂ ਕਰਕੇ, ਨਿਵਾਸੀ ਸਨੋ ਹਟਾਉਣ ਦੀ ਪ੍ਰਗਤੀ, ਸੜਕ ਸਬੰਧੀ ਤਰਜੀਹਾਂ ਦੇਖ ਸਕਦੇ ਹਨ ਅਤੇ ਜਾਣ ਸਕਦੇ ਹਨ ਕਿ ਉਹਨਾਂ ਦੇ ਆਸਪਾਸ ਸਨੋ ਹਟਾਉਣ ਵਾਲੀ ਮਸ਼ੀਨ ਆਈ ਹੈ ਜਾਂ ਨਹੀਂ।

ਸਿਟੀ ਦੇ ਚੀਫ ਇਨਫਰਮੇਸ਼ਨ ਅਫ਼ਸਰ, ਕੁਮਾਨਨ ਗੋਪਾਲਾਸੈਮੀ (Kumanan Gopalasamy) ਨੇ ਦੱਸਿਆ, “ਪਲੋ ਟ੍ਰੈਕਰ, ਪਹੁੰਚਯੋਗ, ਵਰਤੋਂਕਾਰ-ਅਨੁਕੂਲਿਤ ਮੋਬਾਈਲ ਐਪਲੀਕੇਸ਼ਨ ਵਿੱਚ, ਸਾਡੇ ਸਰਦੀ ਦੇ ਵੱਡੇ ਓਪਰੇਸ਼ਨ ਪੇਸ਼ ਕਰਦਾ ਹੈ।” ਉਹਨਾਂ ਨੇ ਅੱਗੇ ਕਿਹਾ, ਨਿਵਾਸੀ ਅਤੇ ਕਾਰੋਬਾਰੀ, 311 ਐਪ ਡਾਊਨਲੋਡ ਕਰਕੇ ਪਲੋ ਟ੍ਰੈਕਰ ਟੂਲ ਦੀ ਵਰਤੋਂ ਕਰ ਸਕਦੇ ਹਨ ਅਤੇ ਅਲਗ-ਅਲਗ ਸਨੋ ਓਪਰੇਸ਼ਨਾਂ ਦੀ ਸਥਿਤੀ ਦੇਖਣ ਦੇ ਨਾਲ-ਨਾਲ, ਲੋੜ ਹੋਣ ਤੇ, ਕਾਰਵਾਈ ਲਈ ਸੇਵਾ ਬੇਨਤੀ ਵੀ ਪੇਸ਼ ਕਰ ਸਕਦੇ ਹਨ। ਡ੍ਰਾਈਵਰਾਂ ਲਈ ਇੱਕ ਫਾਇਦਾ ਇਹ ਹੈ ਕਿ ਉਹ, ਭਾਰੀ ਸਨੋਫਾਲ ਤੋਂ ਬਾਅਦ ਇਹ ਦੇਖ ਸਕਦੇ ਹਨ ਕਿ ਕਿਹੜੀਆਂ ਸੜਕਾਂ ਤੋਂ ਪਹਿਲਾਂ ਹੀ ਸਨੋ ਹਟਾ ਦਿੱਤੀ ਗਈ ਹੈ, ਤਾਂ ਜੋ ਉਹ ਆਪਣੇ ਰੋਜ਼ਾਨਾ ਦੇ ਟ੍ਰੈਵਲ ਨੂੰ ਬਿਹਤਰ ਢੰਗ ਨਾਲ ਪਲਾਨ ਕਰ ਸਕਣ।”

9 ਦਸੰਬਰ ਨੂੰ, ਸਿਟੀ ਨੇ ਇੱਕ ਵੀਡੀਓ (video) ਪੇਸ਼ ਕੀਤਾ ਸੀ, ਜਿਸ ਵਿੱਚ ਸਿਟੀ ਵੱਲੋਂ ਸਨੋ ਫਲੀਟ ਟ੍ਰੈਕਿੰਗ ਅਤੇ ਇੱਕ ਕਾਨਫਰੰਸ, ਟੈਕਨੀਸਿਟੀ (Technicity) ਵਿੱਚ ਕੀਤੇ ਜਾ ਰਹੇ ਮਜ਼ਬੂਤ ਯਤਨਾਂ ਬਾਰੇ ਵੇਰਵੇ ਦਿੱਤੇ ਗਏ ਸਨ। ਇਸ ਕਾਨਫਰੰਸ ਵਿੱਚ, ਟੋਰੋਂਟੋ ਏਰੀਆ (Toronto Area) ਦੀਆਂ ਮਿਊਨਿਸਿਪਲਟੀਜ ਵੱਲੋਂ ਵਰਤੀਆਂ ਜਾਣ ਵਾਲੀਆਂ, ਨਵੀਨਤਾਕਾਰੀ ਡਿਜੀਟਲ ਕਾਰਜਨੀਤੀਆਂ ਅਤੇ ਟੂਲਸ ਦੀ ਪੜਚੋਲ ਕੀਤੀ ਗਈ, ਤਾਂ ਜੋ ਟੈਕਸ ਦੇਣ ਵਾਲਿਆਂ ਦੇ ਨਾਲ ਗੱਲਬਾਤ ਦੇ ਤਰੀਕੇ ਵਿੱਚ ਸੁਧਾਰ ਕਰਦੇ ਹੋਏ, ਅੰਦਰੂਨੀ ਤੌਰ ਤੇ ਪ੍ਰਭਾਵਿਕਤਾ, ਸਹਿਯੋਗ ਅਤੇ ਸੁਰੱਖਿਆ ਨੂੰ ਸੰਚਾਲਿਤ ਕੀਤਾ ਜਾ ਸਕੇ।

ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10 ਅਤੇ ਚੇਅਰ, ਕਾਰਪੋਰੇਟ ਸਰਵਿਸਿਜ ਨੇ ਕਿਹਾ, “ਬ੍ਰੈਂਪਟਨ ਇੱਕ ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੈ। ਅਸੀਂ ਸਾਡੇ ਨਿਵਾਸੀਆਂ ਲਈ, ਰੋਜ਼ਾਨਾ ਦੇ ਓਪਰੇਸ਼ਨਾਂ ਅਤੇ ਸੇਵਾ ਡਿਲੀਵਰੀ ਵਿੱਚ ਲਗਾਤਾਰ ਸੁਧਾਰ ਕਰਨ ਲਈ ਵਚਨਬੱਧ ਹਾਂ।” ਉਹਨਾਂ ਨੇ ਅੱਗੇ ਕਿਹਾ, “ਪਲੋ ਟ੍ਰੈਕਰ, ਬ੍ਰੈਂਪਟਨ ਵਾਸੀਆਂ ਨੂੰ ਲੋਕਲ ਸਨੋ ਓਪਰੇਸ਼ਨਾਂ ਦੀ ਸਥਿਤੀ ਬਾਰੇ ਸੂਚਨਾ ਦਿੰਦਾ ਰਹਿੰਦਾ ਹੈ। ਇਸਦੇ ਨਾਲ ਉਹ ਸਨੋ ਪੈਣ ਦੇ ਦੌਰਾਨ ਆਪਣੇ ਟ੍ਰੈਵਲ ਨੂੰ ਸੁਰੱਖਿਅਤ ਢੰਗ ਨਾਲ ਪਲਾਨ ਕਰ ਸਕਦੇ ਹਨ।”

ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਅਤੇ ਸਟਾਫ਼, ਹਰ ਸਰਦੀ ਬ੍ਰੈਂਪਟਨ ਨੂੰ ਸੁਰੱਖਿਅਤ ਰੱਖਣ ਲਈ, ਦਿਨ-ਰਾਤ ਸਰਬੋਤਮ ਸੇਵਾ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਉਹ, ਸੀਜ਼ਨ ਨੂੰ ਸਾਰਿਆਂ ਲਈ ਵੱਧ ਅਨੰਦਦਾਇਕ ਬਣਾਉਣ ਵਾਸਤੇ, ਓਪਰੇਸ਼ਨਾਂ ਵਿੱਚ ਸੁਧਾਰ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ।

ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5 ਅਤੇ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ ਨੇ ਕਿਹਾ, “ਸਿਟੀ ਵਿੱਚ ਸਾਡੇ ਸਭ ਤੋਂ ਵੱਡੇ ਓਪਰੇਸ਼ਨਾਂ ਵਿੱਚੋਂ ਇੱਕ ਹੈ, ਸਰਦੀ ਦੀਆਂ ਘਟਨਾਵਾਂ ਲਈ ਕੰਮ ਕਰਨਾ। ਅਸੀਂ ਸੀਜ਼ਨ ਨੂੰ, ਸਾਡੇ ਨਿਵਾਸੀਆਂ ਲਈ ਸੁਰੱਖਿਅਤ ਅਤੇ ਅਨੰਦਦਾਇਕ ਬਣਾਉਣ ਲਈ ਵਚਨਬੱਧ ਹਾਂ। ਅਸੀਂ ਸਾਲਾਨਾ ਤੌਰ ਤੇ, 3,986 ਲੇਨ ਕਿਲੋਮੀਟਰ ਸੜਕਾਂ, 2,462 ਟ੍ਰਾਂਜ਼ਿਟ ਸਟੌਪਸ ਅਤੇ 979 ਕਿਲੋਮੀਟਰ ਸਾਈਡਵਾਕਸ/ਵਾਕਵੇਜ ਦੀ ਸੰਭਾਲ ਕਰਦੇ ਹਾਂ।” ਉਹਨਾਂ ਨੇ ਅੱਗੇ ਕਿਹਾ, “ਜਦੋਂ ਹਰ ਕੋਈ ਸਾਡੇ ਭਾਈਚਾਰੇ ਨੂੰ ਸਰਦੀਆਂ ਦੇ ਮੌਸਮ ਲਈ ਤਿਆਰ ਰੱਖਣ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ, ਤਾਂ ਅਸੀਂ ਸਾਰੇ ਸੁਰੱਖਿਅਤ ਰੂਪ ਨਾਲ ਆਪਣੀ ਮੰਜ਼ਲ ਤੇ ਪਹੁੰਚ ਸਕਦੇ ਹਾਂ। ਇਹਨਾਂ ਵਿੱਚ ਨਿਵਾਸੀ ਵੀ ਸ਼ਾਮਲ ਹਨ, ਜਿਹਨਾਂ ਨੂੰ ਅਸੀਂ ਸਨੋਫਾਲਸ ਦੇ ਦੌਰਾਨ, ਸੜਕਾਂ ਤੋਂ ਵਾਹਨ ਹਟਾਉਣ ਅਤੇ ਉਹਨਾਂ ਦੀਆਂ ਰਿਹਾਇਸ਼ੀ ਸਾਈਡਵਾਕਸ ਤੋਂ ਸਨੋ ਹਟਾਉਣ ਲਈ ਕਹਿੰਦੇ ਹਾਂ।”

ਬ੍ਰੈਂਪਟਨ ਵਿੱਚ ਸਨੋ ਬਾਰੇ ਹੋਰ ਜਾਣਕਾਰੀ ਲਈ, www.brampton.ca/snow ਤੇ ਜਾਓ ਅਤੇ 311 ਐਪ ਡਾਊਨਲੋਡ ਕਰਨ ਲਈ, Google Play ਤੇ ਜਾਂ ਆਪਣੀ ਡਿਵਾਈਸ ਤੋਂ ਐਪ ਸਟੋਰ ਤੇ ਜਾਓ।

-30-

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਊਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca